ਮਿਤੀ 31 ਜੁਲਾਈ ਤੋਂ 2 ਅਗਸਤ, 2015 ਤੱਕ ਸ੍ਰੀ ਗੁਰੂ ਸਿੰਘ ਸਭਾ, ਹੰਸਲੋ ਵਿਖੇ ਹੋਈ ਵਿਸ਼ਵ ਸਿੱਖ ਕੌਂਸਲ ਦੀ ਲੰਡਨ ਇਕੱਤਰਤਾ ਦੀ ਕਾਰਵਾਈ ਦਾ ਸੰਖੇਪ ਵੇਰਵਾ।

ਹਾਜ਼ਰ ਨੁਮਾਇੰਦੇ:-

ਸ. ਗੁਲਬਰਗ ਸਿੰਘ, ਯੂ ਐਸ

ਸ. ਗੁਰਦੀਪ ਸਿੰਘ ਕੁੰਦਨ, ਸਵਿਟਜ਼ਰਲੈਂਡ

ਸ. ਗੁਰਦਿਆਲ ਸਿੰਘ, ਫਰਾਂਸ

ਸ. ਹਰਚਰਨ ਸਿੰਘ, ਮਲੇਸ਼ੀਆ

ਲਾਰਡ ਇੰਦਰਜੀਤ ਸਿੰਘ, ਯੂ ਕੇ

ਸ. ਇੰਦਰ ਸਿੰਘ ਚਾਵਲਾ, ਯੂ ਕੇ

ਸ. ਇਕਬਾਲ ਸਿੰਘ, ਫਰਾਂਸ

ਸ. ਜਤਿੰਦਰ ਸਿੰਘ ਉੱਪਲ, ਥਾਈਲੈਂਡ ਅਤੇ ਆਸਟ੍ਰੇਲੀਆ

ਬੀਬੀ ਕੰਵਲਜੀਤ ਕੌਰ, ਯੂ ਕੇ

ਸ੍ਰ. ਤਾਰਾ ਸਿੰਘ, ਪਾਕਿਸਤਾਨ ( ਟੈਲੀਫੋਨ ਰਾਹੀਂ)

ਸ. ਕਿਰਪਾਲ ਸਿੰਘ ਨਿੱਝਰ, ਯੂ ਐਸ

ਸ. ਰਮੇਸ਼ ਸਿੰਘ, ਪਾਕਿਸਤਾਨ (ਟੈਲੀਫੋਨ ਰਾਹੀਂ)

ਸ. ਸੰਤੋਖ ਸਿੰਘ ਪੇਲੀਆ, ਸਪੇਨ

ਸ. ਸੁਰਜੀਤ ਸਿੰਘ ਪਾਹਵਾ, ਕੈਨੇਡਾ

ਕਈ ਹੋਰ ਮਹਿਮਾਨ

ਖਿਮਾਂ ਦੇ ਜਾਚਕ

ਸ. ਅਜਮੇਰ ਸਿੰਘ ਗਿੱਲ, ਆਸਟ੍ਰੇਲੀਆ

ਸ. ਬਾਵਾ ਸਿੰਘ ਜਗਦੇਵ, ਆਸਟ੍ਰੇਲੀਆ

ਸ. ਪ੍ਰੀਤਮ ਸਿੰਘ ਔਲਖ, ਕੈਨੇਡਾ

ਸ. ਜਗੀਰ ਸਿੰਘ, ਮਲੇਸ਼ੀਆ

## ਸ਼ੁਕਰਵਾਰ, 31 ਜੁਲਾਈ, 2015

31 ਜੁਲਾਈ ਦੀ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਨੁਮਾਇੰਦੇ ਇਕੱਤਰ ਹੋਏ। ਮੇਜ਼ਬਾਨ ਸੰਸਥਾ "ਨੈਟਵਰਕ ਆਫ ਸਿੱਖ ਆਰਗੇਨਾਈਜ਼ੇਸ਼ਨ" ਯੂ ਕੇ (ਐਨ ਐਸ ਓ) ਵੱਲੋਂ ਸਵਾਰੀ ਅਤੇ ਰਿਹਾਇਸ਼ ਮੁਹੱਈਆ ਕਰਵਾਈ ਗਈ। ਸ੍ਰੀ ਗੁਰੂ ਸਿੰਘ ਸਭਾ, ਹੰਸਲੋ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਸ਼ਾਮ ਦਾ ਇਜਲਾਸ ਜਾਣ ਪਹਿਚਾਣ ਅਤੇ ਵਿਚਾਰ-ਵਟਾਂਦਰੇ ਨੂੰ ਸਮਰਪਿਤ ਸੀ। ਗੁਰਦੁਆਰਾ ਸਾਹਿਬ ਵਿਖੇ ਲੰਗਰ ਮੁਹੱਈਆ ਕਰਵਾਇਆ ਗਿਆ।

## ਸ਼ਨਿੱਚਰਵਾਰ, 1 ਅਗਸਤ, 2015

ਸਵੇਰ ਦਾ ਇਜਲਾਸ ਗਲੋਬਲ ਸਿੱਖ ਕੌਂਸਲ ਦੇ ਨਿਸ਼ਾਨਿਆਂ ਅਤੇ ਟੀਚਿਆਂ ਬਾਬਤ ਵਿਚਾਰ ਵਟਾਂਦਰਾ ਕਰਨ ਅਤੇ ਹੇਠ ਲਿਖੇ ਅਨੁਸਾਰ ਸੰਵਿਧਾਨ ਦਾ ਖਰੜਾ ਤਿਆਰ ਕਰਨ ਨੂੰ ਸਮਰਪਿਤ ਸੀ :-

## ਸੰਵਿਧਾਨ ਦਾ ਮੁਕੰਮਲ ਪ੍ਰਵਾਣਿਤ ਖਰੜਾ

1. <u>ਉਦੇਸ਼:</u>

ੳ. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਆਦਰਸ਼ਾਂ ਨੂੰ ਜੀਵਨ ਵਿਚ ਲਾਗੂ ਕਰਨਾ ਅਤੇ ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਉੱਤਰਾਧਿਕਾਰੀ ਗੁਰੂਆਂ ਦੀਆਂ ਕੁਰਬਾਨੀਆਂ ਦਾ ਵਿਸ਼ਵ ਪੱਧਰ ਤੇ ਪ੍ਰਚਾਰ ਕਰਨਾ ਅਤੇ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਚੱਲਣਾ ਅਤੇ ਕਿਸੇ ਗਰੰਥ ਜਾਂ ਦੇਹਧਾਰੀ ਨੂੰ ਨਾ ਮੰਨਣਾ।

ਅ. ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਵੱਲੋਂ 1945 ਵਿਚ ਪਾਸ ਕੀਤੀ ਰਹਿਤ ਮਰਿਯਾਦਾ ਨੂੰ ਹੀ ਮੰਨਣਾ ਅਤੇ ਹੋਰ ਕਿਸੇ ਨੂੰ ਨਹੀਂ।

ੲ. ਵਿਸ਼ਵ ਪੱਧਰ ਦੇ ਮੁੱਦਿਆਂ ਅਤੇ ਸਿੱਖਾਂ ਦੇ ਸਮੂਹਿਕ ਵਿਚਾਰਾਂ ਨੂੰ ਸਪੱਸ਼ਟ ਰੂਪ ਵਿਚ ਵਰਨਣ ਕਰਨਾ।

ਸ. ਵਿਸ਼ਵ ਭਰ ਦੇ ਸਿੱਖਾਂ ਨੂੰ ਜੋੜਨ ਲਈ ਸਹਾਇਤਾ, ਹਿਮਾਇਤ ਅਤੇ ਮੰਚ ਮੁਹੱਈਆ ਕਰਵਾਉਣਾ।

ਹ. ਸਿੱਖ ਕੌਮ ਨਾਲ ਸਬੰਧਤ ਮੁੱਦਿਆਂ ਦੀਆਂ ਸਥਿਤੀ-ਸੂਚੀਆਂ ਜਾਰੀ ਕਰਨਾ।

2. <u>ਨਿਸ਼ਾਨੇ :</u>

ਨੁਮਾਇੰਦਾ ਸੰਸਥਾਵਾਂ ਦੇ ਅੰਦਰੂਨੀ ਕਾਰਜਾਂ ਵਿਚ ਦਖਲ-ਅੰਦਾਜ਼ੀ ਕੀਤੇ ਬਗੈਰ ਦੇਸ਼ ਪੱਧਰ ਦੀਆਂ ਸਿੱਖ ਸੰਸਥਾਵਾਂ ਦੀ ਵਿਸ਼ਵ ਪੱਧਰੀ ਬਾਡੀ ਰਾਹੀਂ ਦੁਨੀਆਂ ਭਰ ਦੇ ਸਿੱਖਾਂ ਨੂੰ ਸੇਵਾ ਪ੍ਰਦਾਨ ਕਰਨਾ।

3. <u>ਦ੍ਰਿਸ਼ਟੀਕੋਣ :</u>

ਸਾਰੀ ਦੁਨੀਆਂ ਉਤੇ ਸਿੱਖਾਂ ਦੀ ਆਵਾਜ਼ ਬਣਨਾ।

4. <u>ਮਿਸ਼ਨ :</u>

ਕੌਮੀ ਪੱਧਰ ਦੀਆਂ ਸਿੱਖ ਸੰਸਥਾਵਾਂ ਦੇ ਸਹਿਯੋਗ ਰਾਹੀਂ ਦ੍ਰਿਸ਼ਟੀਕੋਣ ਦੀ ਪ੍ਰਾਪਤੀ।

5. ਰਜਿਸਟਰਡ ਦਫਤਰ :

ੳ. ਗਲੋਬਲ ਸਿੱਖ ਕੌਂਸਲ ਦਾ ਰਜਿਸਟਰਡ ਦਫਤਰ ਸੰਯੁਕਤ ਰਾਸ਼ਟਰ ਅਮਰੀਕਾ ਵਿਚ ਹੋਵੇਗਾ।

ਅ. ਗਲੋਬਲ ਸਿੱਖ ਕੌਂਸਲ ਦੇ ਸਾਰੇ ਨੁਮਾਇੰਦਾ ਦੇਸ਼ ਆਪਣੇ ਸ਼ਾਖਾ ਦਫਤਰ ਸਥਾਪਤ ਕਰਨਗੇ, ਜਿਵੇਂ ਕਿ ਗਲੋਬਲ ਸਿੱਖ ਕੌਂਸਲ, ਆਸਟ੍ਰੇਲੀਆ।

6. ਨੁਮਾਇੰਦਗੀ (ਮੈਂਬਰਸ਼ਿਪ) :

ੳ. ਨੁਮਾਇੰਦਗੀ ਉਨ੍ਹਾਂ ਸਾਰੀਆਂ ਸਿੱਖ ਸੰਸਥਾਵਾਂ ਲਈ ਖੁੱਲ੍ਹੀ ਹੈ, ਜਿਹੜੀਆਂ ਉਨ੍ਹਾਂ ਦੇ ਆਪਣੇ ਦੇਸ਼ਾਂ ਵਿਚ ਰਜਿਸਟਰਡ ਹਨ ਅਤੇ ਜਿਨ੍ਹਾਂ ਦੀ ਨੁਮਾਇੰਦਗੀ ਹੇਠ ਲਿਖੇ ਅਨੁਸਾਰ ਤਸੱਲੀਬਖਸ਼ ਹੈ:

1. ਗਲੋਬਲ ਸਿੱਖ ਕੌਂਸਲ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਅਤੇ ਵਿਅਕਤੀ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂਆਂ ਦੀਆਂ ਸਿੱਖਿਆਵਾਂ ਉਤੇ ਪੱਕਾ ਨਿਸ਼ਚਾ ਪ੍ਰਗਟ ਕਰਨ।

2. ਜਿਨ੍ਹਾਂ ਦੀ ਨੁਮਾਇੰਦਗੀ, ਉਨ੍ਹਾਂ ਦੇ ਮਾਣਦੰਡ ਪੂਰੇ ਕਰਦੀਆਂ ਸਾਰੀਆਂ ਸਿੱਖ ਸੰਸਥਾਵਾਂ ਲਈ ਖੁੱਲ੍ਹੀ ਹੈ।

3. ਸੰਸਥਾ ਦਾ ਪ੍ਰਬੰਧ ਸਥਾਨਕ ਨੁਮਾਇੰਦਿਆਂ ਦੁਆਰਾ ਹੋਣਾ ਜ਼ਰੂਰੀ ਹੈ।

4. ਕਿਸੇ ਇਕ ਵਿਅਕਤੀ ਜਾਂ ਕੁੱਝ ਵਿਅਕਤੀਆਂ ਦੇ ਸਮੂਹ ਵੱਲੋਂ ਬਣਾਈ ਅਤੇ ਚਲਾਈ ਜਾਂਦੀ ਸੰਸਥਾ ਮੈਂਬਰ ਬਣਨ ਦੇ ਯੋਗ ਨਹੀਂ ਹੋਵੇਗੀ।

ਅ. ਜੇਕਰ ਕਿਸੇ ਦੇਸ਼ ਵਿਚ ਇਕ ਤੋਂ ਵੱਧ ਦੇਸ਼ ਪੱਧਰ ਦੀਆਂ ਸਿੱਖ ਸੰਸਥਾਵਾਂ ਹੋਣ ਤਾਂ ਉਹ ਮੈਂਬਰ ਤਾਂ ਸਾਰੀਆਂ ਬਣ ਸਕਦੀਆਂ ਹਨ, ਪਰ ਜਨਰਲ ਬਾਡੀ ਲਈ ਕੇਵਲ ਦੋ ਪ੍ਰਤੀਨਿਧ ਹੀ ਨਾਮਜ਼ਦ ਕਰ ਸਕਦੀਆਂ ਹਨ।

ੲ. ਆਪਣੇ ਦੇਸ਼ ਵਿਚ ਸਿੱਖ ਸੰਸਥਾਵਾਂ ਦੀ ਮਹੱਤਵਪੂਰਣ ਅਨੁਪਾਤ ਦੀ ਪ੍ਰਤੀਨਿਧਤਾ ਕਰਦੀ ਇਕ ਦੇਸ਼ ਦੀ ਸਿੱਖ ਸੰਸਥਾ, ਗਲੋਬਲ ਸਿੱਖ ਕੌਂਸਲ ਦੀ ਕਾਰਜਕਾਰੀ ਕਮੇਟੀ ਕੋਲ ਅਰਜ਼ੀ ਭੇਜ ਕੇ ਨੁਮਾਇੰਦਗੀ ਲਈ ਬੇਨਤੀ ਕਰ ਸਕਦੀ ਹੈ। ਅਰਜ਼ੀ ਤੇ ਫੈਸਲਾ ਬੋਰਡ ਕਰੇਗਾ।

ਸ. <u>ਨੁਮਾਇੰਦਗੀ ਫੀਸ:</u>

ੳ. ਮੁਢਲੀ (ਗਠਬੰਧਨ ਫੀਸ) :

1. ਅਮਰੀਕਾ (ਯੂ ਐਸ ਏ), ਕੈਨੇਡਾ ਅਤੇ ਇੰਗਲੈਂਡ (ਯੂ ਕੇ) ਲਈ ਇਹ 1000 ਅਮਰੀਕੀ ਡਾਲਰ ਦੇ ਬਰਾਬਰ ਹੋਵੇਗੀ।

2. ਹੋਰ ਸਾਰੇ ਦੇਸ਼ਾਂ ਦੀਆਂ ਸੰਸਥਾਵਾਂ ਲਈ ਇਹ 200 ਅਮਰੀਕੀ ਡਾਲਰ ਦੇ ਬਰਾਬਰ ਹੋਵੇਗੀ।

ਅ. ਸਾਲਾਨਾ:

ਹਰੇਕ ਨੁਮਾਇੰਦਾ ਸੰਸਥਾ ਵੱਲੋਂ ਗਲੋਬਲ ਸਿੱਖ ਕੌਂਸਲ ਨੂੰ 100 ਅਮਰੀਕੀ ਡਾਲਰ ਅਦਾ ਕੀਤੇ ਜਾਣ।

ਹ. ਨਿਰਦੇਸ਼ਕਾਂ ਦੇ ਬੋਰਡ (ਬੋਰਡ ਆਫ ਡਾਇਰੈਕਟਰਜ਼) ਵੱਲੋਂ ਸੰਸਥਾ ਦੀ ਬੇਨਤੀ ਪ੍ਰਵਾਨ ਕਰਨ ਤੋਂ ਬਾਅਦ ਬੇਨਤੀ ਕਰਤਾ ਸੰਸਥਾ ਨੁਮਾਇੰਦਾ ਬਣ ਜਾਵੇਗੀ।ਜੇਕਰ ਬੋਰਡ ਮਹਿਸੂਸ ਕਰਦਾ ਹੈ ਕਿ ਕੋਈ ਸੰਸਥਾ ਨਿਸ਼ਾਨਿਆਂ ਅਤੇ ਮਾਣਦੰਡਾਂ (ਕਸੌਟੀ) ਨੂੰ ਪੂਰਿਆਂ ਨਹੀਂ ਕਰਦੀ ਤਾਂ ਉਹ ਬਿਨਾਂ ਕਾਰਨ ਦੱਸੇ ਕਿਸੇ ਵੀ ਬੇਨਤੀ ਨੂੰ ਰੱਦ ਕਰ ਸਕਦਾ ਹੈ।ਬੋਰਡ ਦਾ ਫੈਸਲਾ ਅੰਤਿਮ ਹੋਵੇਗਾ।

ਕ. ਨੁਮਾਇੰਦੇ ਦੀਆਂ ਜਿੰਮੇਵਾਰੀਆਂ:

1. ਆਪਣੇ ਦੇਸ਼ ਵਿਚ ਗਲੋਬਲ ਸਿੱਖ ਕੌਂਸਲ ਦੀਆਂ ਗਤੀਵਿਧੀਆਂ ਲਈ ਚਲਾਏ ਜਾਂਦੇ ਬੈਂਕ ਖਾਤੇ ਵਿਚ ਘੱਟੋ-ਘੱਟ ਮੁਢਲੀ ਫੀਸ ਦੇ ਬਰਾਬਰ ਦੀ ਰਾਸ਼ੀ ਰੱਖਣੀ।

2. ਆਪਣੇ ਦੇਸ਼ ਵਿਚ ਚਲਾਏ ਜਾਂਦੇ ਪ੍ਰਾਜੈਕਟ ਖਰਚਿਆਂ ਲਈ ਅਦਾਇਗੀ।

3. ਕਾਰਜਕਾਰੀ ਕਮੇਟੀ ਦੇ ਫੈਸਲੇ ਅਨੁਸਾਰ ਗਲੋਬਲ ਸਿੱਖ ਕੌਂਸਲ ਦੇ ਸਾਂਝੇ ਖਰਚਿਆਂ ਲਈ ਆਪਣਾ ਹਿੱਸਾ ਦੇਣਾ।

7. <u>ਜਨਰਲ ਬਾਡੀ:</u>

ੳ. ਹਰੇਕ ਨੁਮਾਇੰਦਾ ਦੇਸ਼ ਦੇ ਦੋ ਨਾਮਜ਼ਦ ਪ੍ਰਤੀਨਿਧ ਜਨਰਲ ਬਾਡੀ ਵਿਚ ਹੋਣਗੇ।

ਅ. ਸਾਰੇ ਫੈਸਲੇ ਸਰਬ-ਸੰਮਤੀ ਨਾਲ ਜਾਂ ਘੱਟੋ-ਘੱਟ 75% ਨੁਮਾਇੰਦਿਆਂ ਦੀਆਂ ਵੋਟਾਂ ਦੁਆਰਾ ਹੋਣੇ ਚਾਹੀਦੇ ਹਨ।

ੲ. ਜਨਰਲ ਬਾਡੀ ਦੀਆਂ ਇਕੱਤ੍ਰਤਾਵਾਂ (ਮੀਟਿੰਗਾਂ):

1. ਜਨਰਲ ਬਾਡੀ ਦੀ ਸਾਲਾਨਾ ਇਕੱਤਰਤਾ ਆਹਮੋ-ਸਾਹਮਣੇ ਅਤੇ ਹਰ ਸਾਲ ਮਾਰਚ ਦੇ ਮਹੀਨੇ ਵਿਚ ਕੀਤੀ ਜਾਵੇਗੀ।ਇਸ ਦੀ ਲਿਖਿਤ ਸੂਚਨਾ ਨਿਯਤ ਸਮੇਂ ਤੋਂ 6 ਮਹੀਨੇ ਪਹਿਲਾਂ ਦਿੱਤੀ ਜਾਵੇਗੀ।

2. ਜੇਕਰ ਸੰਭਵ ਹੋਇਆ ਤਾਂ ਸਾਲਾਨਾ ਇਕੱਤਰਤਾ ਹਰ ਸਾਲ ਅਲੱਗ ਦੇਸ਼ ਵਿਚ ਕੀਤੀ ਜਾਵੇਗੀ।

3. ਆਹਮੋ-ਸਾਹਮਣੀ ਇਕੱਤਰਤਾ ਲਈ ਕੌਂਸਲ ਦੇ ਕੁੱਲ ਨੁਮਾਇੰਦਿਆਂ ਦੀ 30% ਗਿਣਤੀ ਲੋੜੀਂਦੀ ਹੋਵੇਗੀ।

4. ਜਨਰਲ ਬਾਡੀ ਦੀ ਇਕੱਤਰਤਾ ਸੰਚਾਰ ਦੇ ਹੋਰ ਸਾਧਨਾਂ ਰਾਹੀਂ ਵੀ ਹੋ ਸਕਦੀ ਹੈ, ਜੇਕਰ ਹਰੇਕ ਕੋਲ ਸ਼ਮੂਲੀਅਤ ਲਈ ਲੋੜੀਂਦੀ ਤਕਨੀਕ ਹੋਵੇ।

5. ਇਕੱਤਰਤਾ ਕਰਵਾ ਰਿਹਾ ਮੇਜ਼ਬਾਨ ਦੇਸ਼ ਹੀ ਇਕੱਤਰਤਾ ਦੇ ਸਾਰੇ ਖਰਚੇ ਸਹਿਣ ਕਰੇਗਾ।

6. ਇਕੱਤਰਤਾ ਵਿੱਚ ਸ਼ਾਮਲ ਹੋਣ ਵਾਲੇ ਪ੍ਰਤੀਨਿਧ ਆਪਣੀ ਯਾਤਰਾ ਦੇ ਖਰਚਿਆਂ ਦਾ ਪ੍ਰਬੰਧ ਆਪਣੀ ਕੌਮੀ ਸੰਸਥਾ ਰਾਹੀਂ ਕਰਨਗੇ।

ਸ. ਭਾਗ “ਬੋਰਡ ਆਫ ਡਾਇਰੈਕਟਰਜ਼” ਵਿਚ ਦਰਸਾਈ ਪ੍ਰਕਿਰਿਆ ਅਨੁਸਾਰ ਜਨਰਲ ਬਾਡੀ, ਡਾਇਰੈਕਟਰਾਂ ਦੇ ਬੋਰਡ ਦੀ ਚੋਣ ਕਰੇਗੀ।

ਹ. ਜਨਰਲ ਬਾਡੀ ਕੋਲ ਬੋਰਡ ਦੇ ਕਿਸੇ ਵੀ ਨੁਮਾਇੰਦੇ ਨੂੰ 80% ਤੋਂ ਵੱਧ ਵੋਟਾਂ ਦੇ ਬਹੁਮਤ ਨਾਲ ਬਰਖਾਸਤ ਕਰਨ ਦਾ ਹੱਕ ਹੈ।

8. <u>ਨਿਰਦੇਸ਼ਕਾਂ ਦਾ ਬੋਰਡ (ਬੋਰਡ ਆਫ ਡਾਇਰੈਕਟਰਜ਼):</u>

ੳ. ਨਿਰਦੇਸ਼ਕਾਂ ਦੇ ਬੋਰਡ ਦੇ ਵੱਧ ਤੋਂ ਵੱਧ 15 ਨੁਮਾਇੰਦੇ ਹੋਣਗੇ ਅਤੇ ਕਿਸੇ ਵੀ ਦੇਸ਼ ਦਾ ਇੱਕ ਤੋਂ ਵੱਧ ਨੁਮਾਇੰਦਾ ਨਹੀਂ ਹੋਵੇਗਾ।

ਅ. ਬੋਰਡ ਲਈ ਚੁਣੇ ਗਏ ਹਰੇਕ ਵਿਅਕਤੀ ਦਾ ਸੇਵਾ ਕਾਲ ਤਿੰਨ ਸਾਲ ਹੋਵੇਗਾ।

ੲ. ਬੋਰਡ ਦੇ ਨੁਮਾਇੰਦੇ ਵਜੋਂ ਇਕ ਵਾਰ ਚੁਣਿਆ ਗਿਆ ਵਿਅਕਤੀ ਸਹੀ ਢੰਗ ਨਾਲ ਆਪਣਾ ਸੇਵਾ ਕਾਲ ਪੂਰਾ ਕਰੇਗਾ, ਬਸ਼ਰਤੇ ਉਹ ਗਲੋਬਲ ਸਿੱਖ ਕੌਂਸਲ ਦੇ ਨਿਯਮਾਂ ਦੀ ਪਾਲਣਾ ਕਰਨ ਦਾ ਪਾਬੰਦ ਰਹੇ।

ਸ. ਲਗਾਤਾਰ ਦੋ ਵਾਰ ਤੋਂ ਵੱਧ ਕੋਈ ਵੀ ਬੋਰਡ ਦਾ ਨੁਮਾਇੰਦਾ ਬਣ ਸਕਦਾ।

ਹ. ਆਪਣਾ ਸੇਵਾ ਕਾਲ ਪੂਰਾ ਕਰ ਚੁੱਕੇ ਪੰਜ ਨੁਮਾਇੰਦੇ ਹਰ ਸਾਲ ਬੋਰਡ ਤੋਂ ਸੇਵਾ ਮੁਕਤ ਹੋ ਜਾਣਗੇ ਅਤੇ ਉਨ੍ਹਾਂ ਦੀ ਥਾਂ ਉਤਨੇ ਹੀ ਨਵੇਂ ਚੁਣ ਲਏ ਜਾਣਗੇ।

ਕ. ਚੋਣ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੋਵਗੀ:

1. ਸਕੱਤਰ ਆਉਣ ਵਾਲੇ ਸਾਲ ਦੀਆਂ ਨਾਮਜ਼ਦਗੀਆਂ ਲਈ, ਜਨਰਲ ਬਾਡੀ ਦੇ ਹਰੇਕ ਪ੍ਰਤੀਨਿਧ ਨੁਮਾਇੰਦੇ ਕੋਲ ਬੇਨਤੀ ਕਰੇਗਾ। ਹਰੇਕ ਨੁਮਾਇੰਦਾ ਦੇਸ਼ ਦੀ ਨਾਮਜ਼ਦਗੀ ਪ੍ਰਾਪਤ ਕਰਨ ਲਈ

ਸਮਾਂ-ਸੀਮਾ ਨਿਸ਼ਚਿਤ ਕਰ ਦਿੱਤੀ ਜਾਵੇਗੀ। ਨੁਮਾਇੰਦਾ ਉਸ ਦੇਸ਼ ਵਿਚੋਂ ਨਹੀਂ ਹੋ ਸਕਦਾ, ਜਿਸ ਦਾ ਇਕ ਨੁਮਾਇੰਦਾ ਪਹਿਲਾਂ ਹੀ ਆਉਣ ਵਾਲੇ ਬੋਰਡ ਵਿਚ ਹੋਵੇਗਾ।

2. ਨਿਰਦੇਸ਼ਕਾਂ ਦੇ ਬੋਰਡ ਵਿਚ ਨੀਯਤ ਸਮਾਂ-ਬੱਧ ਨਿਯੁਕਤੀ ਵਾਸਤੇ ਪੰਜ ਨੁਮਾਇੰਦੇ ਚੁਣਨ ਲਈ ਪ੍ਰਾਪਤ ਹੋਈਆਂ ਨਾਮਜ਼ਦਗੀਆਂ ਦੀ ਮੁਕੰਮਲ ਸੂਚੀ ਜਨਰਲ ਬਾਡੀ ਦੇ ਸਾਰੇ ਨੁਮਾਇੰਦਿਆਂ ਨੂੰ ਭੇਜੀ ਜਾਵੇਗੀ।

3. ਬਹੁਗਿਣਤੀ ਨੁਮਾਇੰਦਿਆਂ ਦੁਆਰਾ ਚੁਣੇ ਗਏ ਸਿਖਰਲੇ ਪੰਜ ਨਾਮਜ਼ਦ ਵਿਅਕਤੀਆਂ ਦੀ ਨਿਯੁਕਤੀ ਬੋਰਡ ਕਰੇਗਾ। ਚੁਣੇ ਗਏ ਬਾਕੀ ਰਹਿ ਗਏ ਨੁਮਾਇੰਦੇ ਬਾਅਦ ਵਿਚ ਖਾਲੀ ਹੋਣ ਵਾਲੀਆਂ ਅਚਨਚੇਤੀ ਆਸਾਮੀਆਂ ਦੀ ਪੂਰਤੀ ਲਈ ਰਾਖਵੇਂ ਰੱਖੇ ਜਾਣਗੇ।

4. ਅਚਨਚੇਤੀ ਆਸਾਮੀਆਂ ਬੋਰਡ ਦੁਆਰਾ ਉਪਰੋਕਤ ਸੂਚੀ ਵਿਚੋਂ ਅਗਲੇ ਵਿਅਕਤੀ ਚੁਣ ਕੇ ਭਰੀਆਂ ਜਾਣਗੀਆਂ।

ਖ. ਨਿਰਦੇਸ਼ਕਾਂ ਦੇ ਬੋਰਡ ਦੀਆਂ ਜ਼ਿੰਮੇਵਾਰੀਆਂ:

1. ਜਨਰਲ ਬਾਡੀ ਦੇ ਨਿਰਦੇਸ਼ ਅਤੇ ਤਦ-ਅਰਥ ਯੋਜਨਾਵਾਂ ਨੂੰ ਲਾਗੂ ਕਰਨ ਲਈ ਨੀਤੀਆਂ, ਢੰਗ, ਕਾਰਜ-ਖੇਤਰ, ਪ੍ਰਤਿਬੰਧ, ਸਮਾਂ-ਬੱਧ ਯੋਜਨਾਵਾਂ (ਐਡਹਾਕ ਪ੍ਰਜੈਕਟਸ) ਅਤੇ ਸਾਧਨ ਨਿਰਧਾਰਤ ਕਰਨਾ।

2. ਨਿਰਦੇਸ਼ਕਾਂ ਦਾ ਬੋਰਡ ਆਉਣ ਵਾਲੇ ਸਾਲ ਲਈ ਕਾਰਜਕਾਰੀ ਕਮੇਟੀ ਵਿਚ ਸੇਵਾ ਨਿਭਾਉਣ ਵਾਸਤੇ ਇਸ ਦੇ ਨੁਮਾਇੰਦਿਆਂ ਵਿਚੋਂ ਪੰਜ

ਵਿਅਕਤੀਆਂ ਦੀ ਚੋਣ ਕਰੇਗਾ। ਕੋਈ ਵੀ ਨੁਮਾਇੰਦਾ ਲਗਾਤਾਰ ਦੋ ਸਾਲ ਤੋਂ ਵੱਧ ਕਾਰਜਕਾਰੀ ਕਮੇਟੀ ਵਿਚ ਨਹੀਂ ਰਹਿ ਸਕਦਾ।

3. ਚੋਣ ਪ੍ਰਕਿਰਿਆ: ਆਉਣ ਵਾਲੇ ਸਾਲ ਦੀਆਂ ਕਾਰਜਕਾਰੀ ਕਮੇਟੀ ਦੀਆਂ ਨਾਮਜ਼ਦਗੀਆਂ ਲਈ, ਸਕੱਤਰ ਬੋਰਡ ਦੇ ਹਰੇਕ ਨੁਮਾਇੰਦੇ ਕੋਲ ਬੇਨਤੀ ਕਰੇਗਾ। ਨਾਮਜ਼ਦਗੀਆਂ ਪ੍ਰਾਪਤ ਕਰਨ ਲਈ ਸਮਾਂ-ਸੀਮਾ ਨਿਸ਼ਚਿਤ ਕਰ ਦਿੱਤੀ ਜਾਵੇਗੀ। ਬਹੁਗਿਣਤੀ ਰਾਹੀਂ ਚੁਣੇ ਗਏ ਨਾਮਜ਼ਦ ਵਿਅਕਤੀਆਂ ਵਿਚੋਂ ਸਿਖਰਲੇ ਪੰਜ ਦੀ ਨਿਯੁਕਤੀ ਕਰ ਦਿੱਤੀ ਜਾਵੇਗੀ ਅਤੇ ਬਾਕੀ ਰਹਿ ਗਏ ਨੁਮਾਇੰਦੇ ਬਾਅਦ ਵਿਚ ਖਾਲੀ ਹੋਣ ਵਾਲੀਆਂ ਅਚਨਚੇਤੀ ਆਸਾਮੀਆਂ ਲਈ ਰਾਖਵੇਂ ਰੱਖ ਲਏ ਜਾਣਗੇ।

4. ਗਲੋਬਲ ਸਿੱਖ ਕੌਂਸਲ ਦੇ ਉਦੇਸ਼ਾਂ ਪ੍ਰਤੀ ਵਿਵਹਾਰ ਅਤੇ ਵਚਨਬੱਧਤਾ ਦੇ ਖਿਲਾਫ ਕਾਰਵਾਈ ਕਰਨ ਵਾਲੇ ਕਾਰਜਕਾਰੀ ਕਮੇਟੀ ਦੇ ਕਿਸੇ ਵੀ ਨੁਮਾਇੰਦੇ ਨੂੰ ਖਾਰਜ ਕਰਨ ਦਾ ਅਧਿਕਾਰ ਕਾਰਜਕਾਰੀ ਕਮੇਟੀ ਕੋਲ ਹੈ।

5. ਉਨ੍ਹਾਂ ਸਾਰੇ ਮੁੱਦਿਆਂ ਤੇ ਫੈਸਲਾ ਲੈਣਾ, ਜਿਹੜੇ ਖਾਸ ਤੌਰ ਤੇ ਨਿਯਮਾਂ/ਵਿਧਾਨ ਦੇ ਅੰਦਰ ਅੰਕਿਤ ਨਹੀਂ ਕੀਤੇ ਗਏ।

9. <u>ਕਾਰਜਕਾਰੀ ਕਮੇਟੀ:</u>

ੳ. ਕਾਰਜਕਾਰੀ ਕਮੇਟੀ ਦੇ ਪੰਜ ਨੁਮਾਇੰਦੇ ਹੋਣਗੇ, ਜਿਹੜੇ ਪ੍ਰਧਾਨ, ਉਪ ਪ੍ਰਧਾਨ, ਸਕੱਤਰ, ਸਹਾਇਕ ਸਕੱਤਰ/ਮੀਡੀਆ ਅਤੇ ਲੋਕ ਸੰਪਰਕ ਅਫਸਰ ਅਤੇ ਖਜ਼ਾਨਚੀ ਵਜੋਂ ਕੰਮ ਕਰਨਗੇ।

ਅ. ਕੰਮ ਨਿਰਧਾਰਤ ਕਰਨ ਦਾ ਫੈਸਲਾ ਕਾਰਜਕਾਰੀ ਕਮੇਟੀ ਦੇ ਨੁਮਾਇੰਦਿਆਂ ਦੁਆਰਾ ਆਪ ਕੀਤਾ ਜਾਵੇਗਾ।

ੲ. ਕਾਰਜਕਾਰੀ ਕਮੇਟੀ ਦਾ ਹਰੇਕ ਨੁਮਾਇੰਦਾ ਇਕ ਸਾਲ ਦੇ ਸਮੇਂ ਵਾਸਤੇ ਸੇਵਾ ਨਿਭਾਉਣ ਲਈ ਚੁਣਿਆ ਜਾਵੇਗਾ। ਲਗਾਤਾਰ ਦੋ ਸਾਲ ਤੋਂ ਵੱਧ, ਕੋਈ ਵੀ ਨੁਮਾਇੰਦਾ ਕਾਰਜਕਾਰੀ ਕਮੇਟੀ ਵਿਚ ਸੇਵਾ ਨਹੀਂ ਨਿਭਾ ਸਕਦਾ।

<u>ਕਾਰਜਕਾਰੀ ਕਮੇਟੀ ਦੀਆਂ ਜ਼ਿੰਮੇਵਾਰੀਆਂ:</u>

1. ਬੋਰਡ ਦੁਆਰਾ ਬਣਾਈਆਂ ਨੀਤੀਆਂ ਅਤੇ ਕਾਰਜ-ਵਿਧੀਆਂ ਨੂੰ ਲਾਗੂ ਕਰਨਾ।

2. ਮਾਰਗ ਦਰਸ਼ਨ, ਕਾਰਜ ਖੇਤਰ, ਪ੍ਰਤੀਬੰਧਾਂ, ਸਮਾਂਬੱਧ ਯੋਜਨਾਵਾਂ ਅਤੇ ਬਜਟ ਸਬੰਧੀ ਗਤੀਵਿਧੀਆਂ ਵਾਲੇ ਸਾਰੇ ਮਾਮਲਿਆਂ ਤੇ ਬੋਰਡ ਦੁਆਰਾ ਗਤੀਵਿਧੀ ਦੇ ਆਰੰਭ ਵਿਚ ਵਰਨਣ ਕੀਤੇ ਅਨੁਸਾਰ ਫੈਸਲਾ ਲੈਣਾ।

3. ਕਾਰਜ ਖੇਤਰ, ਪ੍ਰਤੀਬੰਧਾਂ, ਸਮਾਂਬੱਧ ਯੋਜਨਾਵਾਂ ਅਤੇ/ਜਾਂ ਬਜਟ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਲਈ ਬੋਰਡ ਤੋਂ ਪ੍ਰਵਾਨਗੀ ਲੈਣਾ।

4. ਮਹੀਨੇ ਵਿਚ ਘੱਟੋ-ਘੱਟ ਇਕ ਇਕੱਤਰਤਾ (ਵਿਅਕਤੀਗਤ ਮੀਟਿੰਗ ਜਾਂ ਕਾਨਫਰੰਸ ਕਾਲ ਰਾਹੀਂ) ਅਤੇ ਲੋੜ ਮੁਤਾਬਕ ਵਧੀਕ ਇਕੱਤਰਤਾ ਕਰਨੀ। ਤਿੰਨ ਨੁਮਾਇੰਦਿਆਂ ਦੀ ਹਾਜ਼ਰੀ ਇਕ ਕੋਰਮ ਦੀ ਰਚਨਾ ਕਰੇਗੀ।

ਕਾਰਜਕਾਰੀ ਕਮੇਟੀ ਦੇ ਸਾਰੇ ਫੈਸਲੇ ਸਰਬ ਸੰਮਤੀ (75% ਸਮਰਥਨ) ਨਾਲ ਕੀਤੇ ਜਾਣਗੇ। ਜੇਕਰ ਪਹਿਲੀ ਵਾਰ ਸਮਰਥਨ ਪ੍ਰਾਪਤ ਨਹੀਂ ਹੁੰਦਾ ਤਾਂ ਠੋਸ ਵਿਰੋਧੀ ਵਿਚਾਰਾਂ ਵਾਲੇ ਗਰੁੱਪ ਨੂੰ ਸਮਰਥਨ ਬਣਾਉਣ ਅਤੇ ਇਸ ਨੂੰ ਕਾਰਜਕਾਰੀ ਕਮੇਟੀ ਸਾਹਮਣੇ ਰੱਖਣ ਲਈ ਨਿਸ਼ਚਿਤ ਸਮਾਂ ਦਿੱਤਾ ਜਾਵੇ। ਅਗਰ ਸਮਰਥਨ ਫਿਰ ਵੀ ਮਿਲਣਾ ਸੰਭਵ ਨਾ ਹੋਵੇ ਤਾਂ ਘੱਟੋ-ਘੱਟ ਤਿੰਨ ਸਮਰਥਕ ਫੈਸਲਾ ਲੈਣਗੇ। ਕੋਈ ਵੀ ਨੁਮਾਇੰਦਾ ਅਗਰ ਲਗਾਤਾਰ ਕਾਰਜਕਾਰੀ ਕਮੇਟੀ ਦੀਆਂ ਤਿੰਨ ਇਕੱਤਰਤਾਵਾਂ ਵਿਚ ਹਾਜ਼ਰ ਨਹੀਂ ਹੁੰਦਾ ਤਾਂ ਉਸ ਦੀ ਗੈਰਹਾਜ਼ਰੀ ਨੂੰ ਉਸ ਦਾ ਅਸਤੀਫਾ ਸਮਝ ਲਿਆ ਜਾਵੇਗਾ ਅਤੇ ਬੋਰਡ ਦੀ ਪ੍ਰਵਾਨਗੀ ਨਾਲ ਕਾਰਜਕਾਰੀ ਕਮੇਟੀ ਦੇ ਹੋਰ ਨੁਮਾਇੰਦਿਆਂ ਵਿਚੋਂ ਉਸ ਦੀ ਜਗ੍ਹਾ ਨਿਯੁਕਤੀ ਕਰ ਦਿੱਤੀ ਜਾਵੇਗੀ।

5. ਕਾਰਜਕਾਰੀ ਕਮੇਟੀ ਦੀਆਂ ਜਿੰਮੇਵਾਰੀਆਂ ਅਤੇ ਕਾਰਜ ਖੇਤਰ ਤੋਂ ਬਾਹਰ ਦੀਆਂ ਗਤੀਵਿਧੀਆਂ/ਕਾਰਜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਕਾਰਜ ਕਮੇਟੀਆਂ, ਉਪ ਕਮੇਟੀਆਂ, ਟਾਸਕ ਫੋਰਸਾਂ ਜਾਂ ਹੋਰ ਸਬ ਗਰੁੱਪਾਂ ਦਾ ਗਠਨ ਕਰਨਾ। ਇਹ ਸਾਰੀਆਂ ਹੀ ਕਾਰਜਕਾਰੀ ਕਮੇਟੀ ਦੇ ਅਧੀਨ ਕੰਮ ਕਰਨਗੀਆਂ।
6. ਕਾਰਜਕਾਰੀ ਕਮੇਟੀ ਦੇ ਨੁਮਾਇੰਦਿਆਂ, ਕਮੇਟੀਆਂ/ਟਾਸਕ ਫੋਰਸਾਂ ਜਾਂ ਕਿਸੇ ਹੋਰ ਸਬ-ਗਰੁੱਪਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਸਾਰੀਆਂ ਵਿਅਕਤੀਗਤ ਗਤੀਵਿਧੀਆਂ/ ਉਪ-ਗਤੀਵਿਧੀਆਂ, ਉਨ੍ਹਾਂ ਦੇ ਕਾਰਜ ਖੇਤਰ, ਪਾਬੰਦੀਆਂ ਅਤੇ ਬਜਟ ਸਬੰਧੀ ਕਾਰਵਾਈ ਕਰਨ ਤੋਂ ਪਹਿਲਾਂ ਕਾਰਜਕਾਰੀ ਕਮੇਟੀ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ।ਇਹ ਸਾਰੇ ਹੀ ਆਪਣੇ ਕਾਰਜਾਂ ਦੀਆਂ ਗਤੀਵਿਧੀਆਂ ਬਾਰੇ ਕਾਰਜਕਾਰੀ ਕਮੇਟੀ ਨੂੰ ਦੱਸਦੇ ਰਹਿਣਗੇ।

7. ਸਾਰੇ ਆਮਦਨ ਅਤੇ ਖਰਚੇ ਬੋਰਡ ਦੁਆਰਾ ਪ੍ਰਵਾਨਤ ਬਜਟ ਅਨੁਸਾਰ ਹੋਣੇ ਜ਼ਰੂਰੀ ਹਨ।
8. ਗਲੋਬਲ ਸਿੱਖ ਕੌਂਸਲ ਦਾ ਕੋਈ ਵੀ ਨੁਮਾਇੰਦਾ ਅਗਰ ਕਿਸੇ ਹੋਰ ਕਾਰਜ ਵਿਚ ਸ਼ਾਮਲ ਹੁੰਦਾ ਹੈ ਤਾਂ ਉਥੇ ਉਹ ਕੋਈ ਅਜਿਹਾ ਵਿਚਾਰ ਜਾਂ ਵਿਵਹਾਰ ਪ੍ਰਗਟ ਨਾ ਕਰੇ ਜਿਸ ਨਾਲ ਗਲੋਬਲ ਸਿੱਖ ਕੌਂਸਲ ਦੀ ਬਦਨਾਮੀ ਹੋਵੇ।
9. ਕਾਰਜਕਾਰੀ ਕਮੇਟੀ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਦੇ ਸੰਖੇਪ ਵੇਰਵੇ **(Proceedings)** ਰਾਹੀਂ ਬੋਰਡ ਨੂੰ ਮੁਕੰਮਲ ਪ੍ਰਗਤੀ ਰਿਪੋਰਟ ਮੁਹੱਈਆ ਕਰਵਾਉਣਾ।

<u>ਕਾਰਜਕਾਰਣੀ ਦੇ ਨੁਮਾਇੰਦਿਆਂ ਦੀਆਂ ਜ਼ਿੰਮੇਵਾਰੀਆਂ:</u>

1. ਪ੍ਰਧਾਨ:
   - ੳ. ਗਲੋਬਲ ਸਿੱਖ ਕੌਂਸਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਸੇਵਾ ਨਿਭਾਏਗਾ।
   - ਅ. ਕਾਰਜਕਾਰੀ ਕਮੇਟੀ ਦੀਆਂ, ਬੋਰਡ ਦੀਆਂ ਅਤੇ ਜਨਰਲ ਬਾਡੀ ਦੀਆਂ ਸਾਰੀਆਂ ਬੈਠਕਾਂ ਦੀ ਪ੍ਰਧਾਨਗੀ ਕਰਨਾ ।
   - ੲ. ਸਾਰੀਆਂ ਕਮੇਟੀਆਂ/ਉਪ ਕਮੇਟੀਆਂ/ਟਾਸਕ ਫੋਰਸਾਂ ਅਤੇ ਹੋਰ ਗਰੁੱਪਾਂ ਦੇ ਗੈਰ-ਰਸਮੀ ਨੁਮਾਇੰਦੇ **(Ex-officio member)** ਵਜੋਂ ਸੇਵਾ ਨਿਭਾਉਣਾ।
2. ਉਪ ਪ੍ਰਧਾਨ:
   - ੳ. ਪ੍ਰਧਾਨ ਦੀ ਗੈਰਹਾਜ਼ਰੀ ਜਾਂ ਅਸਮਰੱਥਾ ਦੌਰਾਨ ਉਸ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣਾ।
   - ਅ. ਕਾਰਜਕਾਰੀ ਕਮੇਟੀ ਵੱਲੋਂ ਸੌਂਪੇ ਗਏ ਕਾਰਜ ਕਰਨਾ।

3. ਸਕੱਤਰ:

ੳ. ਕਾਰਜਕਾਰੀ ਕਮੇਟੀ ਅਤੇ ਜਨਰਲ ਬਾਡੀ ਦੀਆਂ ਬੈਠਕਾਂ ਦੀ ਕਾਰਵਾਈ ਰਿਪੋਰਟ **(Proceedings)** ਬਣਾਉਣੀ ਅਤੇ ਉਸ ਦੀਆਂ ਕਾਪੀਆਂ ਬੋਰਡ ਨੂੰ ਮੁਹੱਈਆਂ ਕਰਵਾਉਣੀਆਂ।

ਅ. ਕਾਰਜਕਾਰੀ ਕਮੇਟੀ ਅਤੇ ਜਨਰਲ ਬਾਡੀ ਦੀ ਤਰਫੋਂ ਸਾਰੇ ਪੱਤਰ–ਵਿਹਾਰ ਦੀ ਵਿਵਸਥਾ ਕਰਨਾ।

ੲ. ਕਾਰਜਕਾਰੀ ਕਮੇਟੀ ਦੁਆਰਾ ਸੌਂਪੇ ਗਏ ਸਾਰੇ ਕੰਮ ਕਰਨੇ।

ਸ. ਬਾਅਦ ਵਿਚ ਹਵਾਲਿਆਂ ਅਤੇ ਸਲਾਹ ਮਸ਼ਵਰੇ ਲਈ ਬੈਠਕਾਂ ਦੇ ਸੰਖੇਪ ਵਿਵਰਣ **(Proceedings)** ਅਤੇ ਸਾਰੇ ਪੱਤਰ–ਵਿਹਾਰ ਦਾ ਰਿਕਾਰਡ ਰੱਖਣਾ।

4. ਸਹਾਇਕ ਸਕੱਤਰ/ਮੀਡੀਆ ਅਤੇ ਲੋਕ ਸੰਪਰਕ:

ੳ. ਸੰਸਥਾ ਦੀਆਂ ਸਰਗਰਮੀਆਂ ਬਾਬਤ ਮੀਡੀਆ ਨਾਲ ਸੰਪਰਕ ਬਣਾਈ ਰੱਖਣਾ।

ਅ. ਬਿਜਲਈ ਖਬਰਾਂ **(E-News),** ਟੈਲੀਫੋਨ ਅਤੇ ਹੋਰ ਸੰਚਾਰ ਸਾਧਨਾਂ ਰਾਹੀਂ ਨੁਮਾਇੰਦਾ ਸੰਸਥਾਵਾਂ ਨਾਲ ਸੰਪਰਕ ਦੀ ਜ਼ਿੰਮੇਵਾਰੀ ਨਿਭਾਉਣਾ।

ੲ. ਨੁਮਾਇੰਦਿਆਂ ਦਾ ਰਜਿਸਟਰ ਤਿਆਰ ਕਰਨਾ।

ਸ. ਗਲੋਬਲ ਸਿੱਖ ਕੌਂਸਲ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਵਾਉਣ ਵਿਚ ਵਿਸ਼ੇਸ ਕਾਰਜ ਕਮੇਟੀਆਂ ਦੀ ਸਹਾਇਤਾ ਕਰਨਾ।

ਹ. ਕੋਈ ਵੀ ਪ੍ਰੈਸ ਰਿਲੀਜ਼ ਜਾਰੀ ਕਰਨ ਤੋਂ ਪਹਿਲਾਂ ਗਲੋਬਲ ਸਿੱਖ ਕੌਂਸਲ ਦੇ ਪ੍ਰਧਾਨ ਤੋਂ ਪ੍ਰਵਾਨ ਕਰਵਾਉਣੀ ਜ਼ਰੂਰੀ ਹੈ।

5. ਖਜ਼ਾਨਚੀ:

ੳ. ਗਲੋਬਲ ਸਿੱਖ ਕੌਂਸਲ ਦੇ ਸਾਰੇ ਵਿੱਤੀ ਖਾਤਿਆਂ ਦਾ ਰਿਕਾਰਡ ਰੱਖਣਾ।

ਅ. ਕਾਰਜਕਾਰੀ ਕਮੇਟੀ ਦੁਆਰਾ ਅਧਿਕਾਰਤ ਕੌਂਸਲ ਦੀ ਤਰਫੋਂ ਫੰਡ ਮੰਗਣੇ, ਇਕੱਠੇ ਕਰਨੇ ਅਤੇ ਵੰਡਣੇ।

ੲ. ਕਾਰਕਾਰੀ ਕਮੇਟੀ ਦੀ ਹਰੇਕ ਬੈਠਕ ਵਿਚ ਜਾਂ ਲੋੜ ਅਨੁਸਾਰ ਆਮਦਨ/ਖਰਚੇ **(Finances)** (ਅਸਲੀ ਬਨਾਮ ਬਜਟ ਅਤੇ ਅਸਲੀ ਬਨਾਮ ਪਿਛਲਾ ਸਾਲ) ਦੀ ਸਥਿਤੀ ਸਬੰਧੀ ਰਿਪੋਰਟ ਪੇਸ਼ ਕਰਨੀ।

ਸ. ਕਾਰਜਕਾਰੀ ਕਮੇਟੀ ਵੱਲੋਂ ਸੌਂਪੇ ਗਏ ਹੋਰ ਹਰ ਤਰ੍ਹਾਂ ਦੇ ਕਾਰਜ ਕਰਨੇ।

10. <u>ਕਮੇਟੀਆਂ / ਟਾਸਕ ਫੋਰਸਾਂ:</u>

ਕਾਰਜਕਾਰੀ ਕਮੇਟੀ ਬੋਰਡ ਵੱਲੋਂ ਸੌਂਪੇ ਗਏ ਵੱਖ ਵੱਖ ਪ੍ਰਾਜੈਕਟਾਂ ਅਤੇ ਕਾਰਜਾਂ ਲਈ ਕਮੇਟੀਆਂ ਅਤੇ ਟਾਸਕ ਫੋਰਸਾਂ ਸਥਾਪਤ ਕਰ ਸਕਦੀ ਹੈ।ਸਾਰੀਆਂ ਕਮੇਟੀਆਂ ਅਤੇ ਟਾਸਕ ਫੋਰਸਾਂ ਕਾਰਜਕਾਰੀ ਕਮੇਟੀ ਨੂੰ ਰਿਪੋਰਟ ਕਰਨਗੀਆਂ।

11. ਪੱਤਰ–ਵਿਹਾਰ **(Communications):**

ਅਗਰ ਪੱਤਰ–ਵਿਹਾਰ ਬਿਜਲਈ/ਡਾਕ **(E-mail)** ਰਾਹੀਂ ਕੀਤਾ ਜਾਂਦਾ ਹੈ ਅਤੇ ਜਵਾਬ ਇਕ ਨਿਸ਼ਚਿਤ ਤਾਰੀਖ ਤੱਕ ਮੰਗਿਆ ਜਾਂਦਾ ਹੈ, ਤਾਂ ਉਸ ਤਾਰੀਖ ਤੱਕ ਪ੍ਰਾਪਤ ਹੋਏ ਜਵਾਬ ਹੀ ਪ੍ਰਵਾਨ ਕੀਤੇ ਜਾਣਗੇ। ਅਗਰ ਕੋਈ ਨੁਮਾਇੰਦਾ ਨਿਸ਼ਚਿਤ ਤਾਰੀਖ ਤੱਕ ਜਵਾਬ ਨਹੀਂ ਦਿੰਦਾ, ਤਾਂ ਸਮਝਿਆ ਜਾਵੇਗਾ ਕਿ ਉਹ ਇਕਰਾਰਨਾਮੇ ਵਿਚ ਨਹੀਂ ਹਨ।

12. ਅਨੁਸ਼ਾਸ਼ਨੀ ਕਾਰਵਾਈ:

ਗਲੋਬਲ ਸਿੱਖ ਕੌਂਸਲ ਵਿਚ ਕਿਸੇ ਵੀ ਅਹੁਦੇ ਉਤੇ ਸੇਵਾ ਨਿਭਾ ਰਿਹਾ ਕੋਈ ਵੀ ਵਿਅਕਤੀ, ਜੇਕਰ ਕਿਸੇ ਅਪਰਾਧਕ ਕਾਰਵਾਈ ਦਾ ਦੋਸ਼ੀ ਸਿੱਧ ਹੋ ਜਾਂਦਾ ਹੈ ਜਾਂ ਗਲੋਬਲ ਸਿੱਖ ਕੌਂਸਲ ਦੇ ਉਦੇਸ਼ਾਂ ਅਤੇ ਟੀਚਿਆਂ ਦੇ ਵਿਰੁੱਧ ਸਰਗਰਮੀਆਂ ਰਾਹੀਂ ਸਿੱਖੀ ਨੂੰ ਬਦਨਾਮ ਕਰਦਾ ਹੈ, ਤਾਂ ਜਨਰਲ ਬਾਡੀ ਦੁਆਰਾ 80% ਤੋਂ ਵੱਧ ਬਹੁਮਤ ਨਾਲ ਉਸ ਨੂੰ ਬਰਖਾਸਤ ਕੀਤਾ ਜਾ ਸਕਦਾ ਹੈ।

## ਐਤਵਾਰ: 2 ਅਗਸਤ, 2015:

ਸਵੇਰ ਦਾ ਸਮਾਗਮ ਗਲੋਬਲ ਸਿੱਖ ਕੌਂਸਲ ਦੇ ਵਿਧੀ-ਵਿਧਾਨ ਅਤੇ ਸਿੱਖ ਕੌਮ ਨੂੰ ਦਰਪੇਸ਼ ਮੁੱਦਿਆਂ ਉਪਰ ਵਿਸ਼ਾਲ ਪੱਧਰ ਦੇ ਖੁੱਲ੍ਹੇ ਵਿਚਾਰ-ਵਟਾਂਦਰੇ ਨੂੰ ਸਮਰਪਿਤ ਕੀਤਾ ਗਿਆ।

1. ਸਿੱਖ ਰਹਿਤ ਮਰਿਯਾਦਾ ਵਿਚ ਤੱਤਕਾਲੀ ਵਾਧੇ ਸਬੰਧੀ:

   ਮਾਨਤਾ ਪ੍ਰਾਪਤ ਵਿੱਦਵਾਨਾਂ ਦੁਆਰਾ ਲੰਬੇ ਵਿਚਾਰ-ਵਟਾਂਦਰੇ ਅਤੇ ਸੋਚ ਵਿਚਾਰ ਤੋਂ ਬਾਅਦ ਬਣਾਈ ਗਈ 1945 ਦੀ ਸਿੱਖ ਰਹਿਤ ਮਰਿਯਾਦਾ ਪ੍ਰਤੀ ਗਲੋਬਲ ਸਿੱਖ ਕੌਂਸਲ ਦੇ ਨੁਮਾਇੰਦਿਆਂ ਨੇ ਦ੍ਰਿੜ੍ਹ ਨਿਸ਼ਚਾ ਪ੍ਰਗਟਾਇਆ, ਜਦ ਕਿ ਕੁੱਝ ਕੁ ਨੇ ਮਹਿਸੂਸ ਕੀਤਾ ਕਿ ਬਦਲਦੇ ਸਮੇਂ ਮੁਤਾਬਕ ਅਤੇ ਨਵੀਆਂ ਚੁਣੌਤੀਆਂ ਦੇ ਮੱਦੇ-ਨਜ਼ਰ ਦੁਬਾਰਾ ਵਿਚਾਰ ਕਰਨਾ ਜ਼ਰੂਰੀ ਹੋ ਸਕਦਾ ਹੈ।

2. ਸਿੱਖ ਵਿਰਾਸਤ ਦੀ ਬਿਨਾਂ ਸੋਚੇ ਬਰਬਾਦੀ ਸਬੰਧੀ:

   ਕੁੱਝ ਇਤਿਹਾਸਕ ਥਾਵਾਂ ਨੂੰ ਨਵਿਆਉਣ ਲਈ ਬਿਨਾਂ ਸੋਚੇ ਬਹੁਮੁੱਲੀਆਂ ਸਿੱਖ ਕਲਾਕ੍ਰਿਤੀਆਂ ਦੀ ਬਰਬਾਦੀ ਸਬੰਧੀ ਵਿਚਾਰ ਕੀਤੀ ਗਈ। ਨੁਮਾਇੰਦਿਆਂ

ਨੇ ਕਾਰ ਸੇਵਾ ਵਾਲੇ ਕਈ ਬਾਬਿਆਂ ਵਿਚ ਸਮਝ ਦੀ ਘਾਟ ਜਾਂ ਅਸਲੀ ਇਤਿਹਾਸਕ ਹਿਤ ਦੀਆਂ ਵਸਤਾਂ ਪ੍ਰਤੀ ਰੁਚੀ ਉਪਰ ਵਿਆਕੁਲਤਾ ਪ੍ਰਗਟ ਕੀਤੀ। ਇਹ ਸਹਿਮਤੀ ਹੋਈ ਕਿ ਜਦੋਂ ਗਲੋਬਲ ਸਿੱਖ ਕੌਂਸਲ ਪੂਰੀ ਤਰ੍ਹਾਂ ਸਥਾਪਿਤ ਹੋ ਜਾਵੇ, ਤਾਂ ਇਹ ਮੁੱਦਾ ਉਠਾਉਣ ਦੀ ਕੋਸ਼ਿਸ਼ ਕਰੇ। ਮੱਧਕਾਲ ਵਿਚ ਇਹ ਸੁਝਾਅ ਦਿੱਤਾ ਗਿਆ ਕਿ ਬਚੀਆਂ ਹੋਈਆਂ ਰਹਿੰਦੀਆਂ ਇਤਿਹਾਸਕ ਥਾਵਾਂ ਨੂੰ ਬਰਬਾਦੀ ਤੋਂ ਬਚਾਉਣ ਲਈ ਸਾਰੇ ਹਾਜ਼ਰ ਨੁਮਾਇੰਦਿਆਂ ਦੁਆਰਾ ਦਸਤਖਤ ਕੀਤਾ ਇਕ ਪੱਤਰ ਲਿਖਿਆ ਜਾਣਾ ਚਾਹੀਦਾ ਹੈ।

ਕਮੇਟੀ ਨੁਮਾਇੰਦੇ :

ਹੇਠ ਲਿਖੇ ਨਵੇਂ ਨੁਮਾਇੰਦਿਆਂ ਦਾ ਸਵਾਗਤ ਕੀਤਾ ਗਿਆ:

ਸ. ਗੁਰਦਿਆਲ ਸਿੰਘ, ਫਰਾਂਸ

ਸ . ਇਕਬਾਲ ਸਿੰਘ, ਫਰਾਂਸ

ਸ. ਗੁਰਦੀਪ ਸਿੰਘ ਕੁੰਦਨ, ਸਵਿਟਜ਼ਰਲੈਂਡ

ਸ. ਸੰਤੋਖ ਸਿੰਘ ਪੇਲੀਆ, ਸਪੇਨ

ਸ. ਲਾਭ ਸਿੰਘ, ਸਪੇਨ

ਸ. ਜਤਿੰਦਰ ਸਿੰਘ ਉੱਪਲ, ਥਾਈਲੈਂਡ

(ਫਰਾਂਸ ਵਿਚ ਹੋਣ ਵਾਲੀ ਅਗਲੀ ਬੈਠਕ ਤੱਕ) ਤਦ–ਅਰਥ **(Ad-hoc)** /ਅੰਤ੍ਰਿਮ ਨੁਮਾਇੰਦੇ ਹਨ: ਸ. ਗੁਰਦਿਆਲ ਸਿੰਘ, ਫਰਾਂਸ, ਸ. ਜਤਿੰਦਰ ਸਿੰਘ ਉੱਪਲ, ਥਾਈਲੈਂਡ, ਸ. ਗੁਲਬਰਗ ਸਿੰਘ ਬਾਸੀ, ਯੂ ਐਸ ਏ, ਬੀਬੀ ਕੰਵਲਜੀਤ ਕੌਰ, ਯੂ ਕੇ, ਸ. ਹਰਚਰਨ ਸਿੰਘ ਮਲੇਸ਼ੀਆ, ਸ. ਰਮੇਸ਼ ਸਿੰਘ, ਪਾਕਿਸਤਾਨ, ਸ. ਸੁਰਜੀਤ ਸਿੰਘ ਪਾਹਵਾ, ਕੈਨੇਡਾ,

ਸ. ਗੁਰਦੀਪ ਸਿੰਘ ਕੁੰਦਨ, ਸਵਿਟਜ਼ਰਲੈਂਡ, ਸ. ਅਜਮੇਰ ਸਿੰਘ ਗਿੱਲ, ਆਸਟ੍ਰੇਲੀਆ ਅਤੇ ਸ. ਸੰਤੋਖ ਸਿੰਘ ਪੇਲੀਆ, ਸਪੇਨ।

ਇਨ੍ਹਾਂ 10 ਨੁਮਾਇੰਦਿਆਂ ਦੁਆਰਾ 5 ਨੁਮਾਇੰਦਿਆਂ ਦੀ ਕਾਰਜਕਾਰੀ ਕਮੇਟੀ ਚੁਣੀ ਗਈ। ਕਾਰਜਕਾਰੀ ਕਮੇਟੀ ਨੇ ਦਫਤਰੀ ਕਾਰਜਕਰਤਾਵਾਂ ਦੀ ਚੋਣ ਕੀਤੀ। ਗੈਰਹਾਜ਼ਰ ਨੁਮਾਇੰਦਿਆਂ ਨਾਲ ਸੰਚਾਰ ਸਾਧਨ ਰਾਹੀਂ ਸੰਪਰਕ ਕੀਤਾ ਗਿਆ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਸ਼ਾਮਲ ਕਰ ਲਿਆ ਗਿਆ। ਮਾਰਚ, 2016 ਵਿਚ ਫਰਾਂਸ ਵਿਚ ਹੋਣ ਵਾਲੀ ਅਗਲੀ ਬੈਠਕ ਤੱਕ ਚੁਣੀ ਹੋਈ ਹੇਠ ਲਿਖੀ ਕਮੇਟੀ ਸੇਵਾ ਨਿਭਾਏਗੀ:

| | |
|---|---|
| ਪ੍ਰਧਾਨ | ਸ. ਗੁਲਬਰਗ ਸਿੰਘ ਬਾਸੀ |
| ਉਪ ਪ੍ਰਧਾਨ | ਬੀਬੀ ਕੰਵਲਜੀਤ ਕੌਰ |
| ਸਕੱਤਰ | ਸ. ਗੁਰਦੀਪ ਸਿੰਘ ਕੁੰਦਨ |
| ਖਜ਼ਾਨਚੀ | ਸ. ਹਰਚਰਨ ਸਿੰਘ |
| ਮੀਡੀਆ ਅਤੇ ਲੋਕ ਸੰਪਰਕ | ਸ. ਜਤਿੰਦਰ ਸਿੰਘ ਉੱਪਲ |

<u>ਸਲਾਹਕਾਰ/ਪੈਟਰਨ</u>

ਸਲਾਹਕਾਰੀ ਰੋਲ ਲਈ ਹੇਠ ਲਿਖੇ ਨਾਵਾਂ ਦਾ ਸੁਝਾਅ ਦਿੱਤਾ ਗਿਆ:

ਲਾਰਡ ਇੰਦਰਜੀਤ ਸਿੰਘ (ਯੂ ਕੇ), ਸ. ਪ੍ਰੀਤਮ ਸਿੰਘ ਔਲਖ (ਕੈਨੇਡਾ), ਸ. ਜਸਬੀਰ ਸਿੰਘ ਮਾਨ (ਯੂ ਐਸ ਏ), ਸ. ਕਿਰਪਾਲ ਸਿੰਘ ਨਿੱਝਰ (ਯੂ ਐਸ ਏ)

ਭਾਵੇਂ ਸਲਾਹਕਾਰੀ ਰੋਲ ਵਾਲੇ ਲੋਕਾਂ ਨੂੰ ਪੈਟਰਨ ਜਾਂ ਸਲਾਹਕਾਰ ਕਿਹਾ ਜਾਣਾ ਚਾਹੀਦਾ ਹੈ, ਪਰ ਕੋਈ ਫੈਸਲਾ ਨਹੀਂ ਕੀਤਾ ਗਿਆ।

<u>ਭਾਰਤ ਵੱਲੋਂ ਪ੍ਰਤੀਨਿਧਤਾ:</u>

ਭਾਰਤ 4 ਨੁਮਾਇੰਦੇ ਭੇਜ ਸਕਦਾ ਹੈ।

<u>ਗਲੋਬਲ ਸਿੱਖ ਕੌਂਸਲ ਦਾ ਲੋਗੋ:</u>

ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਪ੍ਰੰਤੂ ਇਹ ਸੁਝਾਅ ਦਿੱਤਾ ਗਿਆ ਕਿ ਇਕ ਪ੍ਰਮਾਤਮਾ, ਇਕ ਓਅੰਕਾਰ, ਇਕ ਕਰਤਾ ਪੁਰਖ ਨੂੰ ਮਹੱਤਵ ਦਿੱਤਾ ਜਾਏ, ਭਾਵੇਂ ਖੰਡਾ ਵੀ ਵਿਚਾਰਿਆ ਜਾਵੇ।

ਰਲੇ ਮਿਲੇ ਮੁੱਦਿਆਂ ਤੇ ਵਿਚਾਰ-ਵਟਾਂਦਰਾ:

1. ਨਾਨਕਸ਼ਾਹੀ ਕੈਲੰਡਰ:

ਇਹ ਇਕ ਆਮ ਰਾਇ ਸੀ ਕਿ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕੀਤਾ ਜਾਵੇ, ਕਿਉਂਕਿ ਇਹ ਸਥਿਰਤਾ (ਇਕਸਾਰਤਾ) ਪ੍ਰਦਾਨ ਕਰਦਾ ਹੈ ਅਤੇ ਗੁਰਪੁਰਬ ਹਰ ਸਾਲ ਮਨਾਏ ਜਾਂਦੇ ਹਨ। ਸਾਰੇ ਅਧਿਕਾਰੀਆਂ ਅਤੇ ਸਰਕਾਰੀ ਸੰਸਥਾਵਾਂ ਨੂੰ ਗੁਰਪੁਰਬਾਂ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ, ਤਾਂ ਕਿ ਸਰਕਾਰੀ ਡਾਇਰੀਆਂ ਵਿਚ ਤਾਰੀਖਾਂ ਪਹਿਲਾਂ ਹੀ ਸ਼ਾਮਲ ਕੀਤੀਆਂ ਜਾ ਸਕਣ। ਐਨ.ਐਸ.ਓ. ਦੀ ਨੀਤੀ ਹਮੇਸ਼ਾ ਹੀ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰਨ ਦੀ ਹੈ। ਗਲੋਬਲ ਸਿੱਖ ਕੌਂਸਲ ਨੂੰ ਇਹ ਕੈਲੰਡਰ ਪ੍ਰਚਾਰਨਾ ਚਾਹੀਦਾ ਹੈ। ਗਲੋਬਲ ਸਿੱਖ ਕੌਂਸਲ ਦੇ ਝੰਡੇ (ਬੈਨਰ) ਥੱਲੇ ਕੈਲੰਡਰ ਦੀਆਂ ਕਾਪੀਆਂ ਛਪਵਾਈਆਂ ਜਾਣਗੀਆਂ ਅਤੇ ਦੁਨੀਆਂ ਭਰ ਵਿਚ ਉਪਲਬਧ ਕਰਵਾਈਆਂ ਜਾਣਗੀਆਂ। ਇਹ ਫੈਸਲਾ ਕੀਤਾ ਗਿਆ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ, ਹੋਲਾ ਮਹੱਲਾ ਅਤੇ ਬੰਦੀਛੋੜ ਦਿਵਸ, ਸ. ਪੁਰੇਵਾਲ ਦੀ ਸਲਾਹ ਨਾਲ ਨੀਯਤ ਕੀਤੇ ਜਾਣਗੇ।

2. ਪੰਜਾਬੀ ਭਾਸ਼ਾ ਅਤੇ ਸਿੱਖਿਆ:

ਪੰਜਾਬੀ ਭਾਸ਼ਾ ਅਤੇ ਸਿੱਖਿਆ ਨੂੰ ਤੇਜ਼ੀ ਨਾਲ ਪ੍ਰਫੁੱਲਤ ਕੀਤਾ ਜਾਣਾ ਚਾਹੀਦਾ ਹੈ। ਵਿਦਿਅਕ ਪ੍ਰੋਗਰਾਮਾਂ ਰਾਹੀਂ ਸਿੱਖ ਨੈਤਿਕਤਾ ਅਤੇ ਕਦਰਾਂ-ਕੀਮਤਾਂ ਨੂੰ ਮਹੱਤਵ ਦੇਣਾ ਚਾਹੀਦਾ ਹੈ।

3. <u>ਸਿੱਖੀ ਦੀਆਂ ਸਿੱਖਿਆਵਾਂ ਨੂੰ ਪ੍ਰਚਾਰਨਾ ਅਤੇ ਸਮਝਾਉਣਾ:</u>

ਬਰਾਬਰਤਾ ਅਤੇ ਏਕਤਾ ਨੂੰ ਪ੍ਰਫੁੱਲਤ ਕਰਨ ਲਈ ਸੈਮੀਨਾਰ ਕਰਵਾਉਣੇ, ਖਾਸ ਕਰਕੇ ਉਥੇ, ਜਿੱਥੇ ਉਚੀ ਜਾਤ/ਨੀਵੀਂ ਜਾਤ ਦੇ ਮੁੱਦੇ ਹੱਲ ਕੀਤੇ ਜਾ ਸਕਣ। ਸਿੱਖੀ ਦੀਆਂ ਸਿੱਖਿਆਵਾਂ ਵਿਚ ਬਰਾਬਰਤਾ ਨੂੰ ਪ੍ਰਫੁੱਲਤ ਕਰਨਾ ਸਭ ਤੋਂ ਉੱਤਮ ਹੈ।

4. <u>ਸਕੂਲਾਂ ਵਿਚ ਹਲਾਲ ਮਾਸ ਵਰਤਾਇਆ ਜਾਣਾ:</u>

ਸਕੂਲਾਂ ਵਿਚ ਹਲਾਲ ਮਾਸ ਵਰਤਾਏ ਜਾਣ ਸਬੰਧੀ ਵਿਚਾਰ ਕੀਤੀ ਗਈ। ਰਹਿਤ ਮਰਿਯਾਦਾ ਸਿੱਖਾਂ ਨੂੰ ਕੁੱਠਾ (ਹਲਾਲ) ਮਾਸ ਖਾਣ ਤੋਂ ਰੋਕਦੀ ਹੈ।

5. <u>ਮੀਡੀਆ ਨਾਲ ਸੰਪਰਕ:</u>

ਜਦੋਂ ਸਿੱਖਾਂ ਨਾਲ ਸਬੰਧਤ ਮੁੱਦੇ ਉਭਰਦੇ ਹਨ, ਤਾਂ ਪ੍ਰੈਸ ਰਿਲੀਜ਼/ਸੂਚੀਆਂ ਜਾਰੀ ਕਰਨ ਦੇ ਕੰਮ ਲਈ ਇਕ ਜਵਾਬ-ਦੇਹ ਕਮੇਟੀ ਦੀ ਲੋੜ ਜ਼ਰੂਰੀ ਹੋ ਜਾਂਦੀ ਹੈ। ਇਹ ਸੁਝਾਅ ਦਿੱਤਾ ਗਿਆ ਕਿ ਸਲਾਹਕਾਰ ਵਜੋਂ ਸੇਵਾ ਕਰਨ ਵਾਲੇ ਉਪਰੋਕਤ ਸਿੱਖ ਇਹ ਜ਼ਿੰਮੇਵਾਰੀ ਨਿਭਾਉਣਗੇ।

6. <u>ਰੋਲ ਮਾਡਲ ਅਤੇ ਚੰਗੇ ਆਚਰਣ ਲਈ ਪ੍ਰਚਾਰ ਦੀ ਲੋੜ:</u>

1. ਮੀਡੀਆ ਨਾਲ ਸਬੰਧਤ ਲੋਕਾਂ ਕੋਲ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਿੱਖਾਂ ਵਜੋਂ ਆਪਣੀ ਪਛਾਣ ਬਣਾਉਣ ਲਈ ਅਤੇ ਕੰਮ-ਕਾਜੀ ਜ਼ਿੰਦਗੀ ਵਿਚ ਜਿਥੇ ਕਿਤੇ ਵੀ ਸੰਭਵ ਹੋਵੇ, ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਹੱਲਾਸ਼ੇਰੀ ਦੇਣੀ ਚਾਹੀਦੀ ਹੈ।

2. ਬਹੁਤ ਦੇਸਾਂ ਵਿਚ ਬਹੁਤ ਸਾਰੇ ਗੁਰਦੁਆਰੇ ਆਮ ਲੋਕਾਂ ਲਈ ਲੰਗਰ ਦੀ ਸੇਵਾ ਕਰ ਰਹੇ ਹਨ ਅਤੇ ਨਾਲ ਹੀ ਵੱਡੇ ਪੱਧਰ ਤੇ ਸਿੱਖੀ ਪ੍ਰਤੀ ਵਿਸ਼ਾਲ ਸਮਾਜ ਨੂੰ ਜਾਗਰੂਕ ਕਰ ਰਹੇ ਹਨ।

3. ਇਹ ਸੁਝਾਅ ਦਿੱਤਾ ਗਿਆ ਕਿ ਗੁਰਦੁਆਰਿਆਂ ਵਿਚ ਜਾਂ ਕਿਤੇ ਵੀ ਮਹੱਤਵਪੂਰਨ ਮੌਕਿਆਂ (ਗੁਰਪੁਰਬਾਂ) 'ਤੇ ਗੈਰ-ਸਿੱਖਾਂ ਨੂੰ ਸੱਦਣ ਲਈ ਖੁੱਲ੍ਹ ਹੋਣੀ ਚਾਹੀਦੀ ਹੈ।

4. ਜਾਗਰੂਕਤਾ ਪੈਦਾ ਕਰਨ ਲਈ ਸਿੱਖੀ ਦੇ ਉਪਦੇਸ਼ਾਂ ਸਬੰਧੀ ਮਹੱਤਵਪੂਰਨ ਸੰਦੇਸ਼ ਗੁਰਦੁਆਰਿਆਂ ਅਤੇ ਗੈਰ-ਸਿੱਖ ਸੰਸਥਾਵਾਂ ਨੂੰ ਭੇਜੇ ਜਾਣੇ ਚਾਹੀਦੇ ਹਨ। ਦੂਜੇ ਧਾਰਮਿਕ ਨੇਤਾਵਾਂ (ਭਾਵ ਪੋਪ, ਆਰਕਬਿਸ਼ਪ) ਨੂੰ ਉਨ੍ਹਾਂ ਦੇ ਮਹੱਤਵਪੂਰਨ ਉਤਸਵਾਂ (ਭਾਵ ਕ੍ਰਿਸਮਿਸ) ਦੇ ਮੌਕੇ ਨਾਲ ਸਬੰਧਤ ਸਿੱਖੀ ਦੀਆਂ ਸਿੱਖਿਆਵਾਂ ਦੇ ਸੰਦੇਸ਼ਾਂ ਵਾਲੇ ਪੱਤਰ ਲਿਖੇ ਜਾਣੇ ਚਾਹੀਦੇ ਹਨ।

5. ਲਾਰਡ ਸਿੰਘ ਨੇ ਸਿੱਖੀ ਦੇ ਉਪਦੇਸ਼ਾਂ ਦੀ ਸਰਬ ਵਿਆਪਕਤਾ ਦੇ ਮਹੱਤਵ ਬਾਰੇ ਜ਼ਿਕਰ ਕੀਤਾ ਕਿ ਹਜ਼ਾਰਾਂ ਉਤਸਵਾਂ 'ਤੇ ਉਸ ਨੂੰ ਆਉਣ ਵਾਲੀਆਂ ਸਦੀਆਂ ਲਈ ਮਹੱਤਵਪੂਰਨ ਕਦਰਾਂ-ਕੀਮਤਾਂ ਨਿਰਧਾਰਤ ਕਰਨ ਲਈ ਕਿਹਾ ਗਿਆ, ਕਿਉਂਕਿ 20ਵੀਂ ਸਦੀ ਮਨੁੱਖਤਾ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਖੂਨੀ ਸਦੀ ਸੀ। ਉਸ ਨੇ ਆਪਣੀਆਂ ਲਿਖਤਾਂ ਵਿਚ ਸਿੱਖੀ ਸਿਧਾਂਤਾਂ ਅਤੇ ਉਪਦੇਸ਼ਾਂ ਵਿਚੋਂ ਮਹੱਤਵਪੂਰਨ ਕਦਰਾਂ-ਕੀਮਤਾਂ ਸਬੰਧੀ ਪ੍ਰਮਾਣ ਦਰਜ ਕੀਤੇ ਅਤੇ ਸਾਰੇ ਦੂਸਰੇ ਧਾਰਮਿਕ ਨੇਤਾਵਾਂ ਵੱਲੋਂ ਉਹ ਤੁਰੰਤ ਸਵੀਕਾਰ ਕਰ ਲਏ ਗਏ।

ਅਗਲੀ ਬੈਠਕ:

ਬੈਠਕ ਕਰਵਾਉਣ ਲਈ ਯੂ.ਐਸ.ਏ. ਅਤੇ ਫਰਾਂਸ ਨੇ ਪੇਸ਼ਕਸ਼ ਕੀਤੀ। ਅਗਲੀ ਬੈਠਕ 18 ਤੋਂ 20 ਮਾਰਚ, 2016 ਤੱਕ ਫਰਾਂਸ ਵਿਚ ਕਰਵਾਉਣ ਲਈ ਸਹਿਮਤੀ ਹੋਈ।